- The students using unfair means in house exam will not be readmitted.

ਰਾਖਵੀਆਂ ਸੀਟਾਂ ਦਾ ਵੇਰਵਾ (ਪੰਜਾਬ ਸਰਕਾਰ ਦੇ ਆਦੇਸ਼ਾਂ ਅਨੁਸਾਰ)
Reservation of Seats (As directed by Punjab Government)

1. (A) Reservation Policy for Admission in Govt. Colleges and Govt. Aided Colleges (including Self-Financing Courses in that Colleges) of the State of Punjab is as under :

Category	%age
1) General	52%
2) Schedule Caste	20%
3) Backward Class	8%
4) Ex-Serviceman/Ex-Servviceman (Dependent) : Ex-Serviceman/Ex-Servviceman (Dependent) General : 7% Ex-Serviceman/Ex-Servviceman (Dependent) SC : 4% Ex-Serviceman/Ex-Servviceman (Dependent) BC : 2%	13%
5) Freedom Fighters (General)	1%
6) Persons with Disability	3%
7) Sports Sports (General) : 2% Sports (SC) : 1%	3%

❖ ਰਾਖਵੀਆਂ ਸੀਟਾਂ ਲਈ ਵਿਸ਼ੇਸ਼ ਸੰਕੇਤ :

- ❖ **ਦਾਖਲਾ ਫਾਰਮ ਨਾਲ ਜਾਤੀ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ। ਜਾਤੀ-ਸਰਟੀਫਿਕੇਟ ਆਪਣੇ ਇਲਾਕੇ ਦੇ ਡਿਪਟੀ ਕਮਿਸ਼ਨਰ/ਐਡੀਸ਼ਨਲ ਡਿਪਟੀ ਕਮਿਸ਼ਨਰ/ਸਬ ਡਵੀਜ਼ਨਲ ਮੈਜਿਸਟ੍ਰੇਟ/ਕਾਰਜਕਾਰੀ ਮੈਜਿਸਟ੍ਰੇਟ (ਕੇਵਲ ਪੀ.ਸੀ.ਐਸ. ਅਧਿਕਾਰੀ)/ ਤਹਿਸੀਲਦਾਰ ਦੁਆਰਾ ਜਾਰੀ ਕੀਤਾ ਹੋਣਾ ਚਾਹੀਦਾ ਹੈ**
- ❖ ਬੀ.ਐੱਸ.ਐਫ./ਆਰਮਡ ਫੋਰਸਿਜ਼/ਸੀ.ਆਰ.ਪੀ.ਐਫ. ਅਤੇ ਪੁਲਿਸ ਵਿਚ ਕੰਮ ਕਰ ਰਹੇ ਅਤੇ ਸਾਬਕਾ ਅਧਿਕਾਰੀਆਂ/ ਕਰਮਚਾਰੀਆਂ ਦੇ ਬੱਚਿਆਂ ਨੂੰ ਆਪਣੇ ਦਾਖਲਾ ਫਾਰਮ ਨਾਲ ਸੰਬੰਧਿਤ ਕਮਾਂਡਿੰਗ ਅਫਸਰ ਦਾ ਸਰਟੀਫਿਕੇਟ ਜਾਂ ਡਿਸਚਾਰਜ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ
- ❖ **ਅਨੁਸੂਚਿਤ ਜਾਤੀ ਤੇ ਪਛੜੀ ਜਾਤੀ ਦੇ ਵਿਦਿਆਰਥੀਆਂ ਨੂੰ ਦਾਖਲੇ ਸਮੇਂ ਜਾਤੀ ਦਾ ਸਰਟੀਫਿਕੇਟ, ਘੱਟ ਆਮਦਨ ਦਾ ਸਰਟੀਫਿਕੇਟ (ਐਸ.ਸੀ./ਓ.ਬੀ.ਸੀ. ਵਾਸਤੇ ਦੋ ਲੱਖ ਪੰਜਾਹ ਹਜ਼ਾਰ) ਤੋਂ ਘੱਟ ਅਤੇ (ਬੀ.ਸੀ. ਵਾਸਤੇ 2.5 ਲੱਖ) ਤੋਂ ਘੱਟ, ਆਧਾਰ ਕਾਰਡ ਦੀ ਫੋਟੋਕਾਪੀ, ਮੋਬਾਇਲ ਨੰਬਰ ਨਾਲ ਲਿੰਕ ਬੈਂਕ ਦਾ ਖਾਤਾ ਨੰ., ਪੰਜਾਬ ਰਾਜ ਦਾ ਵਸਨੀਕ ਹੋਣ ਦਾ ਸਰਟੀਫਿਕੇਟ ਆਦਿ ਦਸਤਾਵੇਜ਼ ਦਾਖਲੇ ਸਮੇਂ ਪੇਸ਼ ਕਰਨੇ ਅਤੀ ਜ਼ਰੂਰੀ ਹਨ।**
- ❖ ਸਪੋਰਟਸ ਕੋਟੇ ਲਈ ਉਹਨਾਂ ਨੂੰ ਹੀ ਯੋਗ ਮੰਨਿਆ ਜਾਵੇਗਾ, ਜਿਸ ਉਮੀਦਵਾਰ ਨੇ ਕਿਸੇ ਮਾਨਤਾ ਪ੍ਰਾਪਤ ਸਰਕਾਰੀ ਸੰਸਥਾ ਦੁਆਰਾ ਆਯੋਜਿਤ ਜ਼ਿਲ੍ਹਾ, ਰਾਜ ਜਾਂ ਰਾਸ਼ਟਰੀ/ਅੰਤਰਰਾਸ਼ਟਰੀ ਪੱਧਰ 'ਤੇ ਮੁਕਾਬਲਿਆਂ ਵਿੱਚ ਹਿੱਸਾ ਲਿਆ ਹੋਵੇ।
- ❖ ਘੱਟ ਆਮਦਨ ਦਾ ਸਰਟੀਫਿਕੇਟ ਤਹਿਸੀਲਦਾਰ ਵਲੋਂ ਜਾਰੀ ਕੀਤਾ ਹੋਵੇ। ਜਿਸ ਸਾਲ ਦਾਖਲਾ ਲੈਣਾ ਹੈ ਉਸ ਸਾਲ ਦਾ ਆਮਦਨ ਸਰਟੀਫਿਕੇਟ ਹੋਣਾ ਜ਼ਰੂਰੀ ਹੈ।

❖ Special Hints for Reserved Seats:

- ❖ **Backward class students desirous of claiming reservation, must attach the caste certificate issued by Deputy Commissioner/ADC/SDM/ Executive Magistrate/ Tehsildar.**
- ❖ The wards of serving/retired officers of BSF/Armed Forces/CRPF/Police have to submit the service/discharge certificate from the concerned Commanding Officer.
- ❖ **SC/OBC and BC candidates should submit following documents during admission : Caste Cerificate, Income Cetificate (For SC/OBC Income less than 2.5 Lakh) & (BC Income less than 2.5 Lakh), Photocopy of AADHAR card, Mobile Number linked Bank Account No., Domicile Certificate of Punjab.**
- ❖ To be eligible for the Sports quota, a candidate must have participated in competitions at the District, State or National/International levels organized by recognized governing bodies.
- ❖ The student has to submit the income certificate of the same year at the time of admission. The certificate should be issued by Tehsildar.

ਮਾਈਗ੍ਰੇਸ਼ਨ ਤੇ ਪਾਤਰਤਾ ਸਰਟੀਫਿਕਟ ਸੰਬੰਧੀ ਨਿਯਮ

ਜਿਹੜੇ ਵਿਦਿਆਰਥੀਆਂ ਨੇ ਹੇਠਲੀ ਪ੍ਰੀਖਿਆ ਕਿਸੇ ਹੋਰ ਬੋਰਡ/ਯੂਨੀਵਰਸਿਟੀ (ਪੰਜਾਬ ਸਕੂਲ ਸਿੱਖਿਆ ਬੋਰਡ/ GNDU ਅੰਮ੍ਰਿਤਸਰ ਨੂੰ ਛੱਡ ਕੇ) ਤੋਂ ਪਾਸ ਕੀਤੀ ਹੈ, ਉਹਨਾਂ ਲਈ ਦਾਖਲਾ ਲੈਣ ਸਮੇਂ ਪਾਤਰਤਾ ਸਰਟੀਫਿਕੇਟ (ਯੋਗਤਾ ਸਰਟੀਫਿਕੇਟ) ਲੈਣਾ ਜ਼ਰੂਰੀ ਹੈ। ਪਾਤਰਤਾ ਸਰਟੀਫਿਕੇਟ ਤੋਂ ਬਿਨਾਂ ਦਾਖਲਾ ਨਹੀਂ ਦਿੱਤਾ ਜਾਵੇਗਾ। ਪਾਤਰਤਾ ਸਰਟੀਫਿਕੇਟ ਬਿਨੈ ਪੱਤਰ ਕਾਲਜ ਦਫਤਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਯੂਨੀਵਰਸਿਟੀ ਤੋਂ ਪਾਤਰਤਾ ਸਰਟੀਫਿਕੇਟ ਲੈਣ ਲਈ ਹੇਠ ਲਿਖੇ ਦਸਤਾਵੇਜ਼ ਜ਼ਰੂਰੀ ਹਨ:-

- ਹੇਠਲੀ ਪ੍ਰੀਖਿਆ ਦਾ ਅਸਲ ਸਰਟੀਫਿਕੇਟ ਅਤੇ ਅੰਕ ਵੇਰਵਾ ਕਾਰਡ ।
- ਸੰਬੰਧਿਤ ਯੂਨੀਵਰਸਿਟੀ/ਬੋਰਡ ਵਲੋਂ ਜਾਰੀ ਮਾਈਗ੍ਰੇਸ਼ਨ ਸਰਟੀਫਿਕੇਟ। (ਮਾਈਗ੍ਰੇਸ਼ਨ ਸਰਟੀਫਿਕੇਟ ਪ੍ਰਾਪਤ ਨਾ ਹੋਣ ਦੀ ਸੂਰਤ ਵਿਚ ਵੀ ਪਾਤਰਤਾ ਸਰਟੀਫਿਕੇਟ ਲਈ ਬਿਨੈ-ਪੱਤਰ ਭੇਜਿਆ ਜਾ ਸਕਦਾ ਹੈ) ।

Migration and Eligibility Certificate

If a student has passed the lower exam from any Board/University other than Punjab Board/GNDU Amritsar), she will have to submit the eligibility certificate at the time of admission. No admission will be made without the eligibility certificate. The prescribed form can be obtained from college office.

- **Documents required for getting eligibility certificate from GNDU.**
- **Original DMC of the lower class passed.**
- **Migration certificate from the concerned Board/University.**

ਛੁੱਟੀਆਂ ਬਾਰੇ ਨਿਯਮ

- ਛੁੱਟੀ ਲਈ ਬਿਨੈ ਪੱਤਰ ਛਪੇ ਹੋਏ ਫਾਰਮ ਤੇ ਦਿੱਤਾ ਜਾਵੇ। ਇਹ ਫਾਰਮ ਕਾਲਜ ਵਿਚਲੀ ਕਿਤਾਬਾਂ ਦੀ ਦੁਕਾਨ ਤੋਂ ਲਿਆ ਜਾ ਸਕਦਾ ਹੈ।
- ਵਿਦਿਆਰਥੀ ਪੰਜ ਦਿਨਾਂ ਤੱਕ ਦੀ ਛੁੱਟੀ ਦੀ ਮਨਜ਼ੂਰੀ ਟਿਊਟਰ ਤੋਂ ਲੈਣਗੇ।
- ਵਿਦਿਆਰਥੀ ਪੰਜ ਦਿਨਾਂ ਤੋਂ ਵੱਧ ਦੀ ਛੁੱਟੀ ਦੀ ਮਨਜ਼ੂਰੀ ਵਾਈਸ ਪ੍ਰਿੰਸੀਪਲ ਤੋਂ ਲੈ ਕੇ ਦਫਤਰ ਵਿੱਚ ਜਮ੍ਹਾਂ ਕਰਵਾਉਣਗੇ।
- ਬਿਮਾਰੀ ਦੀ ਹਾਲਤ ਵਿਚ ਸੱਤ ਦਿਨਾਂ ਤੋਂ ਵੱਧ ਛੁੱਟੀ ਲੈਣ ਲਈ ਐੱਮ.ਬੀ.ਬੀ.ਐੱਸ ਡਾਕਟਰ ਦਾ ਸਰਟੀਫਿਕੇਟ ਸਮੇਂ ਸਿਰ ਅਰਜ਼ੀ ਨਾਲ ਦੇਣਾ ਜ਼ਰੂਰੀ ਹੈ। ਬਾਅਦ ਵਿਚ ਦਿੱਤਾ ਹੋਇਆ ਸਰਟੀਫਿਕੇਟ ਪ੍ਰਵਾਨ ਨਹੀਂ ਕੀਤਾ ਜਾਵੇਗਾ।
- ਮੈਡੀਕਲ ਛੁੱਟੀ ਲੈਣ ਤੇ ਵੀ 75 ਪ੍ਰਤੀਸ਼ਤ ਹਾਜ਼ਰੀਆਂ ਪੂਰੀਆਂ ਕਰਨੀਆਂ ਜਰੂਰੀ ਹਨ।

Leave Rules

- **Leave should be applied on the printed form available at the book stall in the college.**
- **The tutors can sanction upto five days' leave of the students.**
- **Leave for more than five days, will be sanctioned by the Vice Principal and then is to be submitted in the college office.**
- **In case of illness for more than seven days, the leave application must be submitted along with a medical certificate from an MBBS Doctor. But there will be no relaxation in the university condition of minimum lectures.**
- **In case of medical leave , 75% attendance will remain compulsory.**

ਯੂਨੀਵਰਸਿਟੀ ਪ੍ਰੀਖਿਆਵਾਂ

ਨੋਟ: ਸਿਮੈਸਟਰ ਸਿਸਟਮ ਅਨੁਸਾਰ ਯੂਨੀਵਰਸਿਟੀ ਪ੍ਰੀਖਿਆਵਾਂ ਯੂਨੀਵਰਸਿਟੀ ਨਿਯਮਾਂ ਅਧੀਨ ਲਈਆਂ ਜਾਣਗੀਆਂ।

1. ਵਿਦਿਆਰਥੀਆਂ ਦਾ ਯੂਨੀਵਰਸਿਟੀ ਨੂੰ ਦਾਖਲਾ ਆਰਜ਼ੀ ਤੌਰ ਤੇ ਭੇਜਿਆ ਜਾਦਾ ਹੈ। ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਇਮਤਿਹਾਨ ਵਿਚ ਬੈਠਣ ਦੀ ਆਗਿਆ ਹੋਵੇਗੀ ਜੋ ਯੂਨੀਵਰਸਿਟੀ ਸ਼ਰਤਾਂ ਪੂਰੀਆਂ ਕਰਨਗੇ।
2. ਵਿਦਿਆਰਥੀਆਂ ਨੂੰ ਯੂਨੀਵਰਸਿਟੀ ਪ੍ਰੀਖਿਆਵਾਂ ਲਈ ਕਲਾਸਾਂ ਦੇ ਖ਼ਤਮ ਹੋਣ ਵਾਲੇ ਆਖਰੀ ਦਿਨ ਤੱਕ ਹਰ ਥਿਊਰੀ ਅਤੇ ਪ੍ਰੈਕਟਿਕਲ ਕੋਰਸ ਵਿੱਚ ਵੱਖ-ਵੱਖ ਤੌਰ 'ਤੇ ਕੁੱਲ ਲੱਗੀਆਂ ਕਲਾਸਾਂ ਵਿੱਚੋਂ ਘੱਟੋ-ਘੱਟ 75% ਹਾਜ਼ਰੀ ਲਾਜ਼ਮੀ ਹੈ।
3. ਕਿਸੇ ਵੀ ਕਿਸਮ ਦੀ ਕੋਈ ਛੁੱਟੀ (ਸਮੇਤ ਬਿਮਾਰੀ ਦੀ ਛੁੱਟੀ ਦੇ) ਲੈਕਚਰਾਂ ਦੀ ਘਾਟ ਨੂੰ ਪੂਰੇ ਕਰਨ ਵਿਚ ਸਹਾਈ ਨਹੀਂ ਹੋਵੇਗੀ।
4. ਦਾਖਲਾ ਰੋਕੇ ਜਾਣ ਦੇ ਨਿਯਮਾਂ ਬਾਰੇ ਅਗਿਆਨਤਾ ਦਾ ਬਹਾਨਾ ਨਹੀਂ ਮੰਨਿਆ ਜਾਵੇਗਾ।
5. ਜੇ ਯੂਨੀਵਰਸਿਟੀ ਵਲੋਂ ਇਸ ਸੰਬੰਧੀ ਕੋਈ ਨਿਯਮ ਤਬਦੀਲ ਕੀਤਾ ਜਾਦਾ ਹੈ ਤਾਂ ਇਹ ਸੋਧੇ ਹੋਏ ਨਿਯਮ ਯੂਨੀਵਰਸਿਟੀ ਵੱਲੋਂ ਨਿਰਧਾਰਤ ਮਿਤੀ ਤੋਂ ਹੀ ਲਾਗੂ ਮੰਨੇ ਜਾਣਗੇ।
6. ਜੇ ਕੋਈ ਵਿਦਿਆਰਥੀ ਨਤੀਜਾ ਲੇਟ ਨਿਕਲਣ ਕਰਕੇ ਕਾਲਜ ਵਿਚ ਲੇਟ ਦਾਖਲ ਹੁੰਦਾ ਹੈ ਤਾਂ ਉਸ ਦੀਆਂ ਹਾਜ਼ਰੀਆਂ ਦੀ ਗਿਣਤੀ ਕਾਲਜ ਵਿਚ ਉਸ ਦੇ ਦਾਖਲੇ ਦੀ ਮਿਤੀ ਤੋਂ ਕੀਤੀ ਜਾਵੇਗੀ।
7. ਪਹਿਲੇ ਸਮੈਸਟਰ ਤੋਂ ਦੂਸਰੇ ਸਮੈਸਟਰ ਅਤੇ ਤੀਜੇ ਸਮੈਸਟਰ ਤੋਂ ਚੌਥੇ ਸਮੈਸਟਰ ਵਿੱਚ ਪ੍ਰਮੋਟ ਹੋਣ ਲਈ ਵਿਦਿਆਰਥੀ ਲਈ ਕੋਈ ਸ਼ਰਤ ਨਹੀਂ ਹੈ।
8. ਵਿਦਿਆਰਥੀ ਲਈ ਪਹਿਲੇ ਦੋ ਸਮੈਸਟਰਾ ਵਿੱਚੋ ਘੱਟੋ ਘੱਟ ਅੱਧੇ ਵਿਸ਼ੇ (50 ਪ੍ਰਤੀਸ਼ਤ) ਪਾਸ ਕਰਨੇ ਜ਼ਰੂਰੀ ਹੋਣਗੇ ਤਾਂ ਹੀ ਉਸਨੂੰ ਤੀਸਰੇ ਸਮੈਸਟਰ ਵਿੱਚ ਪ੍ਰਮੋਟ ਕੀਤਾ ਜਾਵੇਗਾ
9. ਪੰਜਵੇਂ ਸਮੈਸਟਰ ਵਿੱਚ ਦਾਖਲਾ ਲੈਣ ਲਈ ਪਹਿਲੇ ਚਾਰ ਸਮੈਸਟਰਾਂ ਦੇ ਵਿਸ਼ਿਆਂ ਵਿੱਚੋਂ ਘੱਟੋ ਘੱਟ ਅੱਧੇ ਵਿਸ਼ੇ ਦੇ ਨਾਲ (50 ਪ੍ਰਤੀਸ਼ਤ) ਪਾਸ ਕਰਨੇ ਜਰੂਰੀ ਹੋਣਗੇ।
10. ਜੇਕਰ ਕੋਈ ਵਿਦਿਆਰਥੀ ਛੇ ਸਮੈਸਟਰਾਂ (ਤਿੰਨ ਸਾਲਾਂ) ਦੌਰਾਨ ਸਾਰੇ ਪੇਪਰ ਪਾਸ ਕਰਨ ਵਿੱਚ ਅਸਮਰਥ ਰਹਿੰਦਾ ਹੈ ਤਾਂ ਉਸਨੂੰ ਰਹਿੰਦੇ ਪੇਪਰ ਦੇਣ ਲਈ ਲਗਾਤਾਰ ਚਾਰ ਸਮੈਸਟਰ (ਦੋ ਸਾਲ) ਮਿਲਣਗੇ।

University Examination

Note: The University Exams under Semester System will be conducted as per University norms.

1. The admission of the students to the University is provisional. Only those students who fulfill the university requirements will be allowed to appear in the examination.
2. The students should attend at least 75% of the total number of lectures delivered in each theory and practical course separately. Upto the last day when the classes are dispersed for university examinations.
3. None of the leave granted to the student, including the sick leave, shall account for the shortage of lectures.
4. Ignorance of any university/college rules regarding university examinations does not entitle the student to demand any relaxation in university conditions.
5. Any change in the university exam. rules will take effect from the date on which they are amended by the university.
6. If a student is admitted late-owing to late declaration of her result, her attendance will be counted from the date of her admission.
7. There shall be no condition for promoting a student from Semester I to Semester II and Semester III to Semester IV .
8. The student shall be promoted to the semester III only if she has passed at least 50% papers of the first two semesters.
9. The student shall be promoted to semester V only if she has passed at least 50% papers of the first four semesters.
10. Incase a students fails to pass all the papers within a period of six semester (3 years) she shall be given a period of four consecutive semesters (2 years) more to pass.

ਕਾਲਜ ਦੀ ਵਰਦੀ

ਕਾਲਜ ਦੇ ਵਿਦਿਆਰਥੀਆਂ ਲਈ ਨਿਸ਼ਚਿਤ ਵਰਦੀ ਸਫੈਦ ਸਲਵਾਰ ਕਮੀਜ਼ ਅਤੇ ਗੁਲਾਬੀ ਰੰਗ ਦਾ ਦੁਪੱਟਾ ਹੈ। ਸਰਦੀਆਂ ਵਿਚ ਇਸ ਦੇ ਨਾਲ ਕਾਲਾ ਸਵੈਟਰ ਪਾਉਣਾ ਹੁੰਦਾ ਹੈ। ਵਿਦਿਆਰਥੀਆਂ ਲਈ ਹਰ ਬੁੱਧਵਾਰ ਅਤੇ ਕਾਲਜ ਦੇ ਸਭ ਸਮਾਗਮਾਂ ਸਮੇਂ ਇਹ ਯੂਨੀਫਾਰਮ ਪਹਿਨਣੀ ਜ਼ਰੂਰੀ ਹੈ।

College Dress Code

The college uniform comprises of white shirt and white salwar with pink dupatta in summers and black cardigan in winter. It is mandatory to wear the prescribed uniform on Wednesday and on all the college functions.

ਸ਼ਨਾਖ਼ਤੀ ਕਾਰਡ

ਵਿਦਿਆਰਥੀ ਸ਼ਨਾਖਤੀ ਕਾਰਡ ਨਾਲ ਹੀ ਕਾਲਜ ਕੈਂਪਸ ਵਿਚ ਦਾਖਲ ਹੋ ਸਕਦੇ ਹਨ। ਕਾਲਜ ਸਟਾਫ ਦਾ ਕੋਈ ਵੀ ਮੈਂਬਰ ਵਿਦਿਆਰਥੀ ਨੂੰ ਕਿਸੇ ਵੀ ਸਮੇਂ ਸ਼ਨਾਖਤੀ ਕਾਰਡ ਦਿਖਾਉਣ ਲਈ ਕਹਿ ਸਕਦਾ ਹੈ। ਸ਼ਨਾਖਤੀ ਕਾਰਡ ਦੀ ਅਣਹੋਂਦ ਕਾਰਨ ਵਿਦਿਆਰਥੀ ਦੇ ਖਿਲਾਫ਼ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ। ਸ਼ਨਾਖਤੀ ਕਾਰਡ ਦੇ ਗੁੰਮ ਹੋ ਜਾਣ ਦੀ ਸੂਰਤ ਵਿਚ 10 ਦਿਨਾਂ ਦੇ ਅੰਦਰ ਲਾਇਬ੍ਰੇਰੀਅਨ ਨੂੰ ਇਤਲਾਹ ਦੇਣਾ ਅਤੇ ਨਵਾਂ ਸ਼ਨਾਖਤੀ ਕਾਰਡ ਬਣਵਾਉਣਾ ਜ਼ਰੂਰੀ ਹੈ।

Identity Card

Identity Card is must for all the students. Staff members can ask for the identity card at any time. Not presenting the identity card shall invite disciplinary action against the student. Loss of identity card must be reported to the librarian within 10 days to get a duplicate card issued.

ਹੋਸਟਲ ਵਿਚ ਦਾਖਲੇ ਸੰਬੰਧੀ ਨਿਯਮ Rules for Admission to Hostel

ਹੋਸਟਲ ਵਿਚ ਦਾਖਲੇ ਲਈ ਵੱਖਰਾ ਫਾਰਮ ਭਰਨਾ ਜ਼ਰੂਰੀ ਹੈ ਜੋ ਕਾਲਜ ਵਿਚ ਸਥਿਤ ਕਿਤਾਬਾਂ ਦੀ ਦੁਕਾਨ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਕਾਲਜ ਵਿਚ ਦਾਖਲਾ ਮਿਲਣ ਦੀ ਸੂਰਤ ਵਿਚ ਜ਼ਰੂਰੀ ਨਹੀਂ ਕਿ ਹੋਸਟਲ ਵਿਚ ਵੀ ਦਾਖਲਾ ਮਿਲ ਜਾਵੇਗਾ। ਹੋਸਟਲ ਵਿਚ ਦਾਖਲੇ ਸਮੇਂ ਵਿਦਿਆਰਥੀ ਦੇ ਨਾਲ ਮਾਪਿਆਂ ਵਿਚੋਂ ਘੱਟੋ-ਘੱਟ ਇਕ ਜਣੇ ਦਾ ਹਾਜ਼ਰ ਹੋਣਾ ਜ਼ਰੂਰੀ ਹੈ। ਹੋਸਟਲ ਵਿੱਚ ਦਾਖਲਾ ਲੈਣ ਸਮੇਂ ਵਿਦਿਆਰਥੀ ਦੇ ਮਾਪੇ ਖੁਦ ਯਕੀਨੀ ਬਣਾਉਣਗੇ ਕਿ ਉਹਨਾ ਅਤੇ ਵਿਦਿਆਰਥੀ ਨੇ ਹੋਸਟਲ ਸੰਬੰਧੀ ਸਾਰੇ ਨਿਯਮ ਪੜ ਲਏ ਹਨ। ਕੁਤਾਹੀ ਦੀ ਹਾਲਤ ਵਿਚ ਦਾਖਲਾ ਰੱਦ ਕੀਤਾ ਜਾ ਸਕਦਾ ਹੈ। ਹੋਸਟਲ ਵਿਚ ਵਿਦਿਆਰਥੀਆਂ ਨੂੰ ਮਿਲਣ ਆਉਣ ਵਾਲਿਆਂ ਦੀਆਂ ਤਸਵੀਰਾਂ ਉਹਨਾਂ ਦੇ ਮਾਪਿਆਂ ਦੁਆਰਾ ਤਸਦੀਕ ਕੀਤੀਆਂ ਹੋਣੀਆਂ ਚਾਹੀਦੀਆਂ ਹਨ ਤੇ ਨਾਲ ਹੀ ਉਹਨਾਂ ਨਾਲ ਰਿਸ਼ਤੇ ਬਾਰੇ ਵੀ ਸਪੱਸ਼ਟ ਦੱਸਿਆ ਹੋਣਾ ਚਾਹੀਦਾ ਹੈ। ਐਤਵਾਰ ਤੋਂ ਇਲਾਵਾ ਮਾਪੇ ਨਹੀਂ ਮਿਲ ਸਕਦੇ। ਯੂਨੀਵਰਸਿਟੀ ਵਿਚ 50% ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲੇ ਜਾਂ ਫੇਲ੍ਹ/ਡੀਟੇਨ ਹੋਏ ਵਿਦਿਆਰਥੀਆਂ ਨੂੰ ਹੋਸਟਲ ਵਿਚ ਕਿਸੇ ਵੀ ਸੂਰਤ ਵਿਚ ਦਾਖਲਾ ਨਹੀਂ ਮਿਲ ਸਕੇਗਾ। ਕਾਲਜ ਦੇ ਹੋਸਟਲ ਵਿਚ ਦਾਖਲੇ ਸਮੇਂ ਸੀਟਾਂ ਦੀ ਵੰਡ ਹੇਠ ਲਿਖੇ ਪ੍ਰਕਾਰ ਹੈ :

- 60% ਸੀਟਾਂ ਮੈਰਿਟ ਦੇ ਆਧਾਰ ਤੇ
- 40% ਸੀਟਾਂ ਮੈਰਿਟ ਅਤੇ ਕਾਲਜ ਤੋਂ ਵਿਦਿਆਰਥੀ ਦੇ ਘਰ ਦੀ ਦੂਰੀ, ਮਾਪਿਆਂ ਦੀ ਆਰਥਿਕ ਦਸ਼ਾ ਅਤੇ ਪ੍ਰਿੰਸੀਪਲ ਦੇ ਨਿਰਣੇ ਤੇ ਨਿਰਭਰ ਹੋਣਗੀਆਂ। ਕਾਲਜ ਦੇ ਵਿਦਿਅਕ ਸੈਸ਼ਨ ਦੌਰਾਨ ਹੋਸਟਲ ਵਿਚ ਦਾਖਲ ਵਿਦਿਆਰਥੀ ਜੇਕਰ ਅੱਧ ਵਿਚਾਲੇ ਹੋਸਟਲ ਛੱਡਦਾ ਹੈ ਤਾਂ ਹੋਸਟਲ ਫ਼ੀਸਾਂ ਦੀ ਪਨੈਲਟੀ ਵਿਦਿਆਰਥੀ ਨੂੰ ਭਰਨੀ ਪਵੇਗੀ।



Students wishing to join hostel should fill up a separate form available at the college book-shop. Admission to any class does not guarantee admission to hostel. When a student seeks admission to hostel, at least one of her parents must accompany her. The parents will also ensure that they have read the rules pertaining to hostel and that any indiscipline on the part of the student shall invite cancellation of her admission. The parents will also attest the photographs and specify the relations of the visitors entitled to visit the student. None of the students who has been detained/has failed or obtains less than 50% marks shall be admitted to hostel. The hostel seats will be allotted as follows :

- **60% seats purely on academic merit**
- **40% seats on merit, distance of residence from college,** the parents' financial status and the decision of the Principal. If any hosteller leaves the hostel without completing the academic session, she will have to pay the penalty in the form of hostel fee.

ਸਰੂਪ ਰਾਣੀ ਸਰਕਾਰੀ ਕਾਲਜ (ਇ.), ਅੰਮ੍ਰਿਤਸਰ

ਵਿਖੇ 1-2-2022 ਤੋਂ ਜਗਤ ਗੁਰੂ ਨਾਨਕ ਦੇਵ ਪੰਜਾਬ ਰਾਜ ਓਪਨ ਯੂਨੀਵਰਸਿਟੀ, ਪਟਿਆਲਾ ਅਧੀਨ ਮਾਨਤਾ ਪ੍ਰਾਪਤ ਵੱਖ-ਵੱਖ ਸਰਟੀਫਿਕੇਟ ਕੋਰਸ ਸ਼ੁਰੂ ਕੀਤੇ ਹਨ।

ਉਪਲਬਧ ਕੋਰਸ ਹੇਠਾਂ ਲਿਖੇ ਹਨ :

- **Certificate Course in Artificial Intelligence**
- **Certificate Course in Software Development**
- **Certificate Course in Fashion Designing**

ਕੋਆਰਡੀਨੇਟਰ : ਸ੍ਰੀਮਤੀ ਮਨਜੀਤ ਮਿਨਹਾਸ Coordinator : Mrs. Manjeet Minhas

Incharge	ਇੰਚਾਰਜ
Dr. Vandana Bajaj (Computer Science Department)	ਡਾ. ਵੰਦਨਾ ਬਜਾਜ (ਕੰਪਿਊਟਰ ਸਾਇੰਸ ਵਿਭਾਗ ਨਾਲ ਸਬੰਧਿਤ ਕੋਰਸ)
Ms. Zeenia (Fashion Designing)	ਮਿਸਜ. ਜ਼ੀਨੀਆ (ਫੈਸ਼ਨ ਡਿਜ਼ਾਇਨਿੰਗ)

❖ ਇਹ ਕੋਰਸ ਕਾਲਜ ਦੇ ਸਾਰੇ ਵਿਦਿਆਰਥੀਆਂ ਲਈ ਖੁੱਲ੍ਹੇ ਹਨ।

These courses are open for all students

❖ ਵਿਦਿਆਰਥੀ ਆਪਣੀ ਰੈਗੁਲਰ ਡਿਗਰੀ ਦੇ ਨਾਲ ਇਹ ਸਰਟੀਫਿਕੇਟ ਕੋਰਸ ਵੀ ਪੂਰਾ ਕਰ ਸਕਦੇ ਹਨ।

Students can complete these certificate courses along with their regular degree

Eligibility : (+2 any stream) student enrolled in degree programme of the college

Duration of Course 6 Months

Nominal Fee Structure

ਅਕਾਦਮਿਕ ਅਤੇ ਬੁਨਿਆਦੀ ਸਹੂਲਤਾਂ

- ਕਾਲਜ ਲਾਈਬ੍ਰੇਰੀ
- ਕਿਤਾਬਾਂ ਦੀ ਦੁਕਾਨ
- ਰੈੱਡ ਕਰਾਸ ਟ੍ਰੇਨਿੰਗ
- ਸਿਹਤ ਅਤੇ ਡਾਕਟਰੀ ਸੇਵਾਵਾਂ
- ਐਂਟੀ ਰੈਗਿੰਗ ਕਮੇਟੀ
- ਆਡੀਟੋਰੀਅਮ ਤੇ ਮਲਟੀਮਿਡੀਆ ਹਾਲ
- ਕਾਲਜ ਕੰਟੀਨ
- ਬਿਜਲੀ ਦੀ 24 ਘੰਟੇ ਸਹੂਲਤ
- ਵਾਟਰ ਕੂਲਰਾਂ ਦੀ ਸਹੂਲਤ
- ਇੰਨ ਡੋਰ ਤੇ ਆਉਟ ਡੋਰ ਜਿਮ
- ਸੁਚਾਰੂ ਪ੍ਰਯੋਗਸ਼ਾਲਾਵਾਂ
- ਬਹੁਪੱਖੀ ਖੇਡਾਂ ਦੇ ਮੈਦਾਨ
- ਵਿਸ਼ਾਲ ਅਤੇ ਵਾਤਾਵਰਣ ਅਨੁਕੂਲ ਕੈਂਪਸ
- ਬੋਟੇਨੀਕਲ ਗਾਰਡਨ ਅਤੇ ਲਾਅਨ
- ਘੱਟ ਕੀਮਤ ਤੇ ਹੋਸਟਲ ਦੀ ਸੁਵਿਧਾ
- ਨਾਮਾਤਰ ਫੀਸ ਢਾਂਚਾ
- ਪੋਸਟ ਮੈਟ੍ਰਿਕ ਐਸ.ਸੀ. ਸਕਾਲਰਸ਼ਿਪ
- ਮੈਰਿਟ ਬੇਸਡ ਸੀ.ਐਮ ਸਕਾਲਰਸ਼ਿਪ
- ਐਨ ਸੀ ਸੀ (ਜਲ, ਥਲ, ਵਾਯੂ ਵਿੰਗ)
- ਐਨ ਐਸ ਐਸ
- ਪੰਜਾਬ ਸਰਕਾਰ ਦੇ ਅਨੁਸਾਰ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਫ੍ਰੀਸ਼ਿਪ ਕਾਰਡ

Academic & Infrastructure Facilities

- College Library
- Book Stall
- Red Cross Training
- Health & Medical Aid
- Anti Ragging Committee
- Auditorium & Multimedia Hall
- College Canteen
- 24 hours Power Backup
- Water Coolers
- Indoor & Outdoor Gym
- Well Equipped Laboratories
- Play Ground for Multifarious sports
- Spacious and eco friendly Campus
- Botanical Garden & Lawns
- Hostel Facility at Minimal cost
- Nominal Fee Structure
- Post Matric SC Scholarship
- Merit Based CM Scholarship
- NCC (Naval, Army, Air Wing)
- NSS
- Freeship Card to SC students as per punjab Govt.

ਆਰ.ਟੀ.ਆਈ. ਸੈੱਲ	R.T.I. Cell
ਪਲੈਸਮੈਂਟ ਸੈੱਲ	Placement Cell
ਸ਼ਿਕਾਇਤ ਨਿਵਾਰਣ ਸੈੱਲ	Grievance and Redressal Cell
ਇੰਸਟੀਟਿਊਸ਼ਨਲ ਇਨੋਵੇਸ਼ਨਜ਼ ਕਾਊਂਸਲ ਸੈੱਲ	Institutional Innovations Council Cell
ਮਹਿਲਾ ਸਸ਼ਕਤੀਕਰਨ ਸੈੱਲ	Women Empowerment Cell

ਸਿਹਤ ਕਲੱਬ	Health Club
ਲਾਲ ਰਿਬਨ ਕਲੱਬ	Red Ribbon Club
ਸਾਬਕਾ ਵਿਦਿਆਰਥੀ ਸਭਾ	Alumni Association
ਮਿਓਜ਼ਿਕ ਕਲੱਬ	Music Club
ਸਾਹਿਤਿਕ ਕਲੱਬ	Literary Club
ਥੀਏਟਰ ਕਲੱਬ	Theatre Club

College Library

Amrita Pritam library of the college has vast collection of books, periodicals and digital resources for reading, reference and study. The library with separate IT section, audio-visual section and reading section plays a vital role in dissemination of information across generations. Book talks and literary review events are held in the premises of the library in which students and staff participate enthusiastically.

ਕਾਲਜ ਲਾਇਬਰੇਰੀ ਵਿੱਚ 57011 ਕਿਤਾਬਾਂ, 24 ਮੈਗਜ਼ੀਨ, 9 ਅਖਬਾਰਾਂ ਅਤੇ ਖੁੱਲ੍ਹੇ ਕਮਰਿਆਂ ਵਿਚ ਬੁੱਕ ਬੈਂਕ, ਇੰਟਰਨੈਟ, ਕੰਪਊਟਰ ਅਤੇ ਆਡਿਉ ਵਿਜ਼ੁਅਲ, INFLIBNET ਦੇ ONOS ਪ੍ਰੋਗਰਾਮ ਰਾਹੀਂ ਈ-ਰੀਸੋਰਸਿਜ਼ ਅਤੇ ਈ-ਬੁਕਸ ਦੀ ਸਹੂਲੀਅਤ ਵੀ ਹੈ।

Upgraded Computerized College Library is functioning with more than 57011 books.

- 24 Magazines
- 9 Daily Newspapers
- Open shelf system
- Excellent Reading Rooms
- Book Bank
- Internet
- Computer and Audio Visual facilities are available for students and teachers
- ONOS programme of INFLIBNET is in use to give E-resources and E-books access to the readers.



ਕਾਲਜ ਮੈਗਜ਼ੀਨ ਅਤੇ ਕੰਧ ਪੱਤ੍ਰਿਕਾ : 'ਅਮਰ' ਰਸਾਲਾ ਹਰ ਸਾਲ ਛਪਦਾ ਹੈ। ਕਾਲਜ ਮੈਗਜ਼ੀਨ ਅਤੇ ਕੰਧ ਪੱਤ੍ਰਿਕਾ 'ਸ਼ਿਲਾਲੇਖ' ਵਿਚ ਵਿਦਿਆਰਥੀਆਂ ਦੀ ਸਿਰਜਨਾਤਮਕ ਪ੍ਰਤਿਭਾ ਨੂੰ ਉਤਸ਼ਾਹ ਦਿੱਤਾ ਜਾਂਦਾ ਹੈ।

College Magazine & Wall Magazine : The college magazine 'Amar' is published annually. It explores latent literary potential of the students. Wall Magazine 'Shilalekh' carries the original thoughts and reactions of the teachers and students.

ਖੇਡਾਂ:- ਕਾਲਜ ਵਿਚ ਅਥਲੈਟਿਕਸ, ਫੁੱਟਬਾਲ, ਚੈੱਸ, ਬਾਸਕਟਬਾਲ, ਨੈੱਟ ਬਾਲ-ਕੌਰਫ਼ ਬਾਲ, ਟੇਬਲ ਟੈਨਿਸ, ਖੋ-ਖੋ, ਯੋਗਾ, ਬਾਕਸਿੰਗ, ਫੈਸਿੰਗ, ਤਾਇਕਵਾਂਡੋ, ਜੂਡੋ, ਕਰਾਟੇ, ਰੱਸਾਕਸ਼ੀ ਆਦਿ ਖੇਡਾਂ ਦਾ ਪੂਰਾ ਇੰਤਜ਼ਾਮ ਹੈ। ਵਿਦਿਆਰਥੀਆਂ ਲਈ ਉੱਚ ਪੱਧਰ ਦੇ ਜਿੰਮ ਦਾ ਵੀ ਪ੍ਰਬੰਧ ਹੈ। ਕਾਲਜ ਦੇ ਵਿਦਿਆਰਥੀ ਅੰਤਰ ਕਾਲਜ, ਅੰਤਰ ਯੂਨੀਵਰਸਿਟੀ ਤੇ ਰਾਸ਼ਟਰੀ ਪ੍ਰਤੀਯੋਗਤਾਵਾਂ ਵਿਚ ਹਿੱਸਾ ਲੈਂਦੇ ਹਨ। ਚੰਗੇ ਖਿਡਾਰੀਆਂ ਨੂੰ ਹਰ ਕਿਸਮ ਦੀਆਂ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਦੀ ਖੁਰਾਕ ਦਾ ਵੀ ਧਿਆਨ ਰੱਖਿਆ ਜਾਦਾ ਹੈ। ਆਲ ਇੰਡੀਆ, ਅੰਤਰ-ਵਰਸਿਟੀ, ਨੈਸ਼ਨਲ ਅਤੇ ਇੰਟਰ ਨੈਸ਼ਨਲ ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਕਾਲਜ ਵੱਲੋਂ ਸਕਾਲਰਸ਼ਿਪ/ ਵਜ਼ੀਫਾ ਦਿੱਤਾ ਜਾਂਦਾ ਹੈ। ਖਿਡਾਰਣਾ ਲਈ ਚੇਂਜਿੰਗ ਰੂਮ ਦਾ ਵੀ ਪ੍ਰਬੰਧ ਹੈ।

Sports : There are well maintained play grounds for athletics, Basketball , Volleyball, Football, Chess, Net Ball, Korf Ball, Table-Tennis, Kho-Kho Boxing Fencing, Taekwondo, Judo, Karate, Tug-of-war & Yoga. Top class Gym facilities also available. Special diets and scholarships are provided to those students who participate in all India, Inter-varsity, National & International sports competitions. Changing Room facility is also available for the players.

ਐੱਨ.ਸੀ.ਸੀ. : ਕਾਲਜ ਵਿਚ ਲੜਕੀਆਂ ਲਈ ਐੱਨ.ਸੀ.ਸੀ. ਦੇ ਆਰਮੀ, ਨੇਵਲ ਅਤੇ ਏਅਰ ਤਿੰਨ ਵਿੰਗ ਹਨ । ਐੱਨ.ਸੀ.ਸੀ. ਲੈਣ ਵਾਲੀ ਵਿਦਿਆਰਥਣ ਲਈ ਕੁਲ ਪਰੇਡਾਂ ਦੀ 80% ਹਾਜ਼ਰੀ ਜ਼ਰੂਰੀ ਹੈ। ਇਸ ਤੋਂ ਬਿਨਾ ਉਹ 'ਬੀ' ਅਤੇ 'ਸੀ' ਸਰਟੀਫਿਕੇਟ ਦੀਆਂ ਪ੍ਰੀਖਿਆਵਾਂ ਨਹੀਂ ਦੇ ਸਕਦੀ। ਐਨ.ਸੀ.ਸੀ. ਦੇ ਕੈਡਿਟ ਹਰ ਸਾਲ ਵੱਖ-ਵੱਖ ਪਰੇਡਾਂ ਵਿਚ ਹਿੱਸਾ ਲੈਂਦੇ ਹਨ ਅਤੇ ਐਨ.ਸੀ.ਸੀ. ਦੇ ਕੈਂਪ ਲਗਾਉਂਦੇ ਹਨ। ਕੈਡਿਟਾਂ ਨੂੰ ਦੋ ਸਾਲਾਂ ਦੀ ਟ੍ਰੇਨਿੰਗ ਵਿਚ ਇਕ ਕੈਂਪ (ਦਸ ਰੋਜ਼ਾ) ਲਗਾਉਣ ਉੱਤੇ 'ਬੀ' ਸਰਟੀਫਿਕੇਟ ਅਤੇ ਦੋ ਐਨੂਅਲ ਟ੍ਰੇਨਿੰਗ ਕੈਂਪ (ਬਾਰਾਂ ਰੋਜ਼ਾ) ਲਗਾਉਣ ਉੱਤੇ





'ਸੀ' ਸਰਟੀਫਿਕੇਟ ਮਿਲਦਾ ਹੈ । ਇਨ੍ਹਾਂ ਕੈਂਪਾਂ ਦਾ ਲਾਭ ਵੱਖ-ਵੱਖ ਵਿਦਿਅਕ ਸੰਸਥਾਵਾਂ ਵਿਚ ਦਾਖਲੇ ਅਤੇ ਨੌਕਰੀ ਲਈ ਇੰਟਰਵਿਊ ਸਮੇਂ ਮਿਲਦਾ ਹੈ । ਐੱਨ.ਸੀ.ਸੀ. ਦੇ ਕੈਡਿਟਾਂ ਨੂੰ ਗਣਤੰਤਰ ਦਿਵਸ ਦੀ ਪਰੇਡ ਵਿਚ ਭਾਗ ਲੈਣ ਦੀ ਪਾਤਰਤਾ ਪ੍ਰਾਪਤ ਹੈ। ਇਨ੍ਹਾਂ ਕੈਡਿਟਾਂ ਨੂੰ (Cultural Exchange Programme) ਦੇ ਅਧੀਨ ਵਿਦੇਸ਼ਾਂ ਵਿਚ ਭੇਜੇ ਜਾਣ ਦੀ ਪਾਤਰਤਾ ਵੀ ਪ੍ਰਾਪਤ ਹੈ। **ਹਰ ਸਾਲ ਵੱਡੀ ਗਿਣਤੀ ਵਿਚ ਕੈਡਿਟ 'ਬੀ' ਤੇ 'ਸੀ' ਸਰਟੀਫਿਕੇਟਾਂ ਦੇ ਇਮਤਿਹਾਨ ਪਾਸ ਕਰਦੇ ਹਨ। ਜਿਹੜੇ ਕੈਡਿਟ 'ਸੀ' ਸਰਟੀਫਿਕੇਟ ਦਾ ਇਮਤਿਹਾਨ ਬੀ ਗਰੇਡ ਵਿਚ ਪਾਸ ਕਰਦੇ ਹਨ ਉਨ੍ਹਾਂ ਦੀ ਸੈਨਾ ਵਿਚ ਸੈਕਿੰਡ ਲੈਫਟੀਨੈਂਟ ਵਜੋਂ ਚੋਣ ਸਿਰਫ ਇੰਟਰਵਿਊ ਦੇ ਆਧਾਰ ਤੇ ਹੀ ਹੁੰਦੀ ਹੈ ਅਤੇ ਇਸ ਮੰਤਵ ਲਈ ਉਨ੍ਹਾਂ ਨੂੰ ਲਿਖਤੀ ਪ੍ਰੀਖਿਆ ਨਹੀਂ ਦੇਣੀ ਪੈਂਦੀ।**

NCC : To impart training and inculcate a sense of discipline & comradeship, there exist Army, naval & air wings of NCC in the college. NCC cadets have to attend 80% of the total parades which makes them eligible for certificate B and certificate C. Cadets attending one 10 day annual training camp are eligible to appear in certificate B while those attending two 10 day annual training camps become eligible to appear in certificate C. Cadets having passed certificate C with B grade are exempted from appearing in the written exam for 2nd lieutenant in the army. They are selected on the basis of interview only. NCC cadets are eligible to take part in Republic Day parade. They are also eligible for cultural exchange programme among different countries. Special weightage is given to NCC camps, certificate B and certificate C at the time of interview for jobs.

ਐੱਨ.ਐਸ.ਐਸ : ਕਾਲਜ ਵਿਚ ਕੌਮੀ ਸੇਵਾ ਯੋਜਨਾ ਦੇ ਦੋ ਯੂਨਿਟ ਕੰਮ ਕਰ ਰਹੇ ਹਨ। ਇਨ੍ਹਾਂ ਕੈਂਪਾਂ ਦਾ ਲਾਭ ਵੱਖ-ਵੱਖ ਵਿਦਿਅਕ ਸੰਸਥਾਵਾਂ ਵਿਚ ਦਾਖਲੇ ਅਤੇ ਨੌਕਰੀ ਲਈ ਇੰਟਰਵਿਊ ਸਮੇਂ ਮਿਲਦਾ ਹੈ । ਇਨ੍ਹਾਂ ਵਲੰਟੀਅਰਾਂ ਨੂੰ ***Cultural Exchange Programme*** ਦੇ ਅਧੀਨ ਵਿਦੇਸ਼ਾਂ ਵਿਚ ਭੇਜੇ ਜਾਣ ਦੀ ਪਾਤਰਤਾ ਵੀ ਪ੍ਰਾਪਤ ਹੈ। ਇਨ੍ਹਾਂ ਨੂੰ ਸੰਯੁਕਤ ਰਾਸ਼ਟਰ ਵਲੰਟੀਅਰ ਬਣ ਸਕਣ ਲਈ ਪਾਤਰਤਾ ਵੀ ਪ੍ਰਾਪਤ ਹੈ। ਇਨ੍ਹਾਂ ਯੂਨਿਟਾਂ ਵਲੋਂ ਸਮੇਂ-ਸਮੇਂ ਇਕ ਸੱਤ ਦਿਨ ਦਾ ਅਤੇ ਇਕ ਰੋਜ਼ਾ ਸਪੈਸ਼ਲ ਕੈਂਪ ਲਗਾਏ ਜਾਂਦੇ ਹਨ। **ਤਿੰਨ ਸਾਲਾਂ ਵਿਚ 3 ਕੈਂਪ (7 ਰੋਜ਼ਾ ਸਪੈਸ਼ਲ ਕੈਂਪ) ਅਟੈਂਡ ਕਰਨ ਉੱਤੇ ਸੀ-ਸਰਟੀਫਿਕੇਟ ਅਤੇ 2 ਕੈਂਪ ਅਟੈਂਡ ਕਰਨ ਉੱਤੇ ਬੀ-ਸਰਟੀਫਿਕੇਟ ਮਿਲਦਾ ਹੈ।**

NSS : The college runs two units of NSS. Its objective is to inculcate the spirit of social service, dignity of labour, community development and national integration among the students. NSS camps carry weightage at the time of interviews for admission and jobs. They are also eligible to visit other countries under Cultural Exchange Programme. They are eligible to become United Nations Volunteer. Our NSS units arrange one 7 day and 1 day special camps. Volunteers attending three 7 day special camps get certificate C while others attending two 7 day special camps are awarded certificate B.

ਯੂਥ ਕਲੱਬ ਅਤੇ ਸਭਿਆਚਾਰਕ ਸਰਗਰਮੀਆਂ : ਵਿਦਿਆਰਥੀਆਂ ਅੰਦਰ ਸਾਹਿਤਕ ਅਤੇ ਸਭਿਆਚਾਰਕ ਰੁਚੀਆਂ ਪੈਦਾ ਕਰਨ ਹਿੱਤ ਕਾਲਜ ਵਿਚ ਯੂਥ ਕਲੱਬ ਸਰਗਰਮ ਹੈ ਪ੍ਰੋ. ਇੰਚਾਰਜ ਦੀ ਨਿਗਰਾਨੀ ਹੇਠ ਇਹ ਵਿਦਿਆਰਥੀ ਹੇਠ ਲਿਖੀਆਂ ਗਤੀ-ਵਿਧੀਆਂ ਵਿਚ ਭਾਗ ਲੈਂਦੇ ਹਨ। (ੳ) ਭਿੰਨ-ਭਿੰਨ ਖੇਤਰਾਂ ਵਿਚ ਅੰਤਰ ਕਾਲਜ ਮੁਕਾਬਲੇ (ਅ) ਯੂਨੀਵਰਸਿਟੀ ਅਤੇ ਸਿੱਖਿਆ ਵਿਭਾਗ ਵਲੋਂ ਕਰਵਾਏ ਜਾਣ ਵਾਲੇ ਯੁਵਕ ਮੇਲੇ। (ਏ) ਯੂਥ ਲੀਡਰਸ਼ਿਪ ਟ੍ਰੇਨਿੰਗ ਕੈਂਪ (ਸ) ਹਾਈਕਿੰਗ, ਟਰੈਕਿੰਗ ਕੈਂਪ । ਉਪਰੋਕਤ ਗਤੀਵਿਧੀਆਂ ਦੇ ਜੇਤੂ ਵਿਦਿਆਰਥੀਆਂ ਨੂੰ ਵੱਖ-ਵੱਖ ਵਿਦਿਅਕ ਸੰਸਥਾਵਾਂ ਵਿਚ ਦਾਖਲੇ ਅਤੇ ਨੌਕਰੀ ਸਮੇਂ ਲਾਭ ਮਿਲਦਾ ਹੈ। ਇਸ ਕਲੱਬ ਵਲੋਂ ਵਿਦਿਅਕ ਟੂਰ ਵੀ ਲਾਏ ਜਾਂਦੇ ਹਨ।

Youth Club For Cultural Activities & Excursions : To break the monotony of the classroom and explore the latent literary & cultural potential of the students, youth club remains active throughout the year. Youth club is involved in numerous activities like (a) Inter-college competitions (b) Youth festivals organised by university and education deptt. (c) Youth leadership training camps (d) Hiking & trekking expeditions. Students taking part in above activities, get preference at the time of interview for admission and jobs. Educational tours are also arranged by this club.

ਰੈੱਡ ਕਰਾਸ : ਕਾਲਜ ਵਿਚ ਇਕ ਰੈੱਡ ਕਰਾਸ ਯੂਨਿਟ ਹੈ ਅਤੇ ਇਸਦਾ ਸਬ ਯੂਨਿਟ ਹੈਲਥ ਕਲੱਬ ਹੈ। ਯੂਨਿਟ ਦਾ ਮੁੱਖ ਉਦੇਸ਼ ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਹੈ । ਯੂਨਿਟ ਕਾਲਜ ਡਿਸਪੈਂਸਰੀ ਦੇ ਕੰਮਕਾਜ ਨੂੰ ਯਕੀਨੀ ਬਣਾਉਂਦਾ ਹੈ ਅਤੇ ਵਿਦਿਆਰਥੀਆਂ ਨੂੰ ਫਸਟ ਏਡ ਅਤੇ ਹੋਮ ਨਰਸਿੰਗ ਦੀ ਸਿਖਲਾਈ ਦਿੰਦਾ ਹੈ।

Red Cross : The college has a Red Cross unit and its sub unit Health Club. The main objective of the unit is dedicated service to humanity. The unit ensures functioning of college dispensary and imparts First Aid and Home Nursing training to the students.

ਸ਼ਿਕਾਇਤ ਨਿਵਾਰਣ ਸੈਲ ਰਾਹੀਂ ਵਿਦਿਆਰਥਣਾਂ ਨੂੰ ਸੁਰਖਿਅਤ ਅਤੇ ਡਰ ਰਹਿਤ ਮਹੌਲ ਮੁੱਹਈਆ ਕਰਵਾਇਆ ਜਾਂਦਾ ਹੈ।

Grievance and Redressal Cell ensures a congenial and safe environment for girls without any fear of harassment.

ਐਂਟੀ ਰੈਗਿੰਗ ਕੇਂਦਰ : ਰੈਗਿੰਗ ਕਰਨਾ ਸਖਤ ਮਨਾਹੀ ਹੈ।

Anti Ragging Cell : Ragging is strictly prohibited.

ਸਲਾਹ ਕੇਂਦਰ : ਕਾਲਜ ਵਿਚ ਨਵੇਂ ਆਉਣ ਵਾਲੇ ਵਿਦਿਆਰਥੀਆਂ ਨੂੰ ਫੈਕਲਟੀ ਅਤੇ ਵਿਸ਼ਿਆਂ ਸੰਬੰਧੀ ਗਾਈਡ ਕਰਨ ਲਈ, ਸੀਨੀਅਰ ਵਿਦਿਆਰਥੀਆਂ ਨੂੰ ਭਵਿੱਖ ਲਈ ਸਹੀ ਦਿਸ਼ਾ ਸੁਝਾਉਣ ਲਈ ਅਤੇ ਪੜ੍ਹਾਈ ਮੁਕੰਮਲ ਕਰਨ ਬਾਅਦ ਕਿੱਤੇ ਤਲਾਸ਼ਣ ਵਿਚ ਮਦਦ ਲਈ ਕਾਲਜ ਵਿਚ ਇਕ ਸਲਾਹ ਕੇਂਦਰ ਸਥਾਪਤ ਕੀਤਾ ਗਿਆ ਹੈ। ਇਸ ਕੇਂਦਰ ਦੁਆਰਾ ਵਿਦਿਆਰਥੀਆਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਟਰੇਨਿੰਗ ਐਂਡ ਪਲੇਸਮੈਂਟ ਵਿਭਾਗ ਵਿਖੇ ਆਯੋਜਿਤ ਕੈਂਪਸ ਪਲੇਸਮੈਂਟ ਇੰਟਰਵਿਊ ਵਿਚ ਭਾਗ ਲੈਣ ਲਈ ਵੀ ਲਿਜਾਇਆ ਜਾਂਦਾ ਹੈ।

Guidance and Counselling Cell : A career-counselling cell has been set up to provide guidance to fresh students on the choice of subjects. The cell also guides the senior outgoing students about various career options & competitive exams. They are specially groomed by means of industrial visits & training, guest lectures, mock-interviews, confidence building, proficiency in English speaking & personality development programmes.



ਕਾਲਜ ਪ੍ਰਸ਼ਾਸਨ College Governance

ਕਾਲਜ ਕੌਂਸਲ : ਕਾਲਜ ਦੀ ਪ੍ਰਿੰਸੀਪਲ ਅਤੇ ਪੰਜ ਸਭ ਤੋਂ ਸੀਨੀਅਰ ਅਧਿਆਪਕ ਇਸ ਦੇ ਮੈਂਬਰ ਹੁੰਦੇ ਹਨ। ਇਸ ਦੇ ਫੈਸਲੇ ਅਧਿਆਪਕਾਂ ਅਤੇ ਵਿਦਿਆਰਥਣਾਂ ਲਈ ਅੰਤਿਮ ਹੁੰਦੇ ਹਨ।

College Council: It consists of the Principal & five senior most teachers. It is the highest decision-making body whose decisions are final and binding.

ਵਿਦਿਆਰਥਣਾਂ ਦੀ ਸਭਾ : ਕਾਲਜ ਪ੍ਰਸ਼ਾਸਨ ਨੂੰ ਬਿਹਤਰ ਬਣਾਉਣ ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚ ਤਾਲ-ਮੇਲ ਪੈਦਾ ਕਰਨ ਲਈ ਹਰ ਸਾਲ ਵਿਦਿਆਰਥਣਾਂ ਦੀ ਸਭਾ ਬਣਾਈ ਜਾਂਦੀ ਹੈ। ਪ੍ਰਿੰਸੀਪਲ ਇਸ ਦਾ ਸਰਪ੍ਰਸਤ ਹੁੰਦਾ ਹੈ । ਇਸ ਵਿਚ ਸਟਾਫ ਮੈਂਬਰ, ਹੋਸਟਲ ਵਾਰਡਨ, ਹੈੱਡ ਗਰਲ, ਕਲਾਸ ਪ੍ਰਤੀਨਿਧੀ, ਸੋਸਾਇਟੀਆਂ ਦੇ ਪ੍ਰਧਾਨ, ਹੋਸਟਲ ਹੈੱਡ ਗਰਲ ਸ਼ਾਮਲ ਹੁੰਦੇ ਹਨ।

Student Council : To tone up the college administration and maintain a harmonious & cordial relationship among the students and the teachers, "Student Council" has been set up. The Principal is its patron. It comprises of staff members, hostel warden, head girl, class representatives, presidents of various societies and hostel head girl.

ਅਸੈਂਬਲੀ : ਹਰ ਬੁੱਧਵਾਰ ਨੂੰ ਕਾਲਜ ਦੇ ਸਾਰੇ ਵਿਦਿਆਰਥੀਆਂ ਦੀ ਅਸੈਂਬਲੀ ਕੀਤੀ ਜਾਂਦੀ ਹੈ। ਇਸ ਵਿਚ ਪੰਜਾਬ ਸਰਕਾਰ/ਯੂਨੀਵਰਸਿਟੀ ਤੋਂ ਪ੍ਰਾਪਤ ਸੂਚਨਾਵਾਂ ਅਤੇ ਨਿਰਦੇਸ਼ ਦੱਸੇ ਜਾਂਦੇ ਹਨ। ਕਾਲਜ ਕੌਂਸਲ ਵਲੋਂ ਨਿਰਧਾਰਿਤ ਨਿਯਮਾਂ ਦੀ ਜਾਣਕਾਰੀ ਦਿੱਤੀ ਜਾਂਦੀ ਹੈ ਅਤੇ ਹੋਰ ਮਹੱਤਵਪੂਰਨ ਸੂਚਨਾਵਾਂ, ਗਤੀਵਿਧੀਆਂ ਤੇ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ ਜਾਂਦਾ ਹੈ। ਇਸ ਵਿਚ ਸਾਰੇ ਵਿਦਿਆਰਥੀਆਂ ਦੀ ਹਾਜ਼ਰੀ ਜ਼ਰੂਰੀ ਹੈ।

Assembly : A compulsory assembly of the college students is held every Wednesday where they are told about various rules, regulations and directions of Pb. govt./university/ college council pertaining to teaching and learning.

ਪੀ.ਟੀ.ਏ. : ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਾਲਜ ਵਿਚ ਮਾਪੇ-ਅਧਿਆਪਕ ਸਭਾ (ਪੀ.ਟੀ.ਏ.) ਕਾਇਮ ਕੀਤੀ ਗਈ ਹੈ, ਜਿਸਦੇ ਮੈਂਬਰ ਸਾਰੇ ਮਾਪੇ ਅਤੇ ਅਧਿਆਪਕ ਹੁੰਦੇ ਹਨ। ਇਸਦਾ ਉਦੇਸ਼ ਕਾਲਜ ਦੀ ਬੇਹਤਰੀ ਲਈ ਕੰਮ ਕਰਨਾ ਅਤੇ ਵਿਦਿਆਰਥੀਆਂ ਲਈ ਵੱਧ ਤੋਂ ਵੱਧ ਵਿਦਿਅਕ ਅਤੇ ਹੋਰ ਸਹੂਲਤਾਂ ਉਪਲੱਬਧ ਕਰਾਉਣਾ ਹੈ।

PTA : On the directions of Punjab Govt., Parents-Teachers Association has been set up in the college. It comprises of parents of the students and the teachers of the college. It aims at providing maximum facilities in the college campus for the benefit of the students.

ਟਿਊਟੋਰੀਅਲ : ਵਿਦਿਆਰਥਣਾਂ ਅਤੇ ਅਧਿਆਪਕਾਂ ਵਿਚ ਨਜ਼ਦੀਕ ਸੰਪਰਕ ਬਣਾਉਣ ਲਈ ਟਿਊਟੋਰੀਅਲ ਗਰੁੱਪ ਲਗਾਏ ਜਾਂਦੇ ਹਨ, ਜਿਸ ਦੀ ਮੀਟਿੰਗ ਮਹੀਨੇ ਵਿੱਚ ਦੋ ਵਾਰ ਹੁੰਦੀ ਹੈ। ਵਿਦਿਆਰਥਣਾਂ ਦਾ ਇਸ ਵਿਚ ਹਾਜ਼ਰ ਹੋਣਾ ਜ਼ਰੂਰੀ ਹੈ।

Tutorial Groups : Compulsory tutorial groups of the students are held throughout the academic session to impart value based education . Tutorial meet is held twice a month.

ਵਜ਼ੀਫੇ ਅਤੇ ਫੰਡ :

- ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ (ਸਾਲਾਨਾ ਆਮਦਨ 2,50,000/- ਰੁਪਏ ਤੋਂ ਘੱਟ)
- ਘੱਟ ਗਿਣਤੀ ਵਰਗ ਲਈ ਸਾਲਾਨਾ ਆਮਦਨ 2,00,000/- ਰੁਪਏ
- ਐਸ.ਸੀ ਵਿਦਿਆਰਥੀਆਂ ਦੇ ਦਾਖਲੇ ਤੋਂ ਬਾਅਦ ਤੁਰੰਤ ਫ੍ਰੀਸ਼ਿਪ ਕਾਰਡ ਬਣਾਉਣਾ ਲਾਜ਼ਮੀ ਹੈ।
- ਵਿਦਿਆਰਥੀ ਦਾਖਲੇ ਸਮੇਂ ਆਪਣੇ ਪਿਤਾ ਦੀ ਸਲਾਨਾ ਆਮਦਨ ਦਾ ਤਹਿਸੀਲਦਾਰ ਦੁਆਰਾ ਬਣਾਇਆ ਗਿਆ ਸਰਟੀਫਿਕੇਟ ਪੇਸ਼ ਕਰੇਗਾ।
- ਯੂਨੀਵਰਸਿਟੀ ਮੈਰਿਟ ਸਕਾਰਲਸ਼ਿਪ
- ਮੈਰਿਟ ਸਕਾਲਰਸ਼ਿਪ (NSP) ਨੈਸ਼ਨਲ ਸਕਾਲਰਸ਼ਿਪ ਪੋਰਟਲ
- CM ਸਕਾਲਰਸ਼ਿਪ (ਪੰਜਾਬ ਸਟੇਟ)
- ਮੋਬਾਇਲ ਨੰਬਰ ਅਤੇ ਬੈਂਕ ਖਾਤਾ ਨੰਬਰ ਆਧਾਰ ਕਾਰਡ ਨਾਲ ਲਿੰਕ ਹੋਣਾ ਚਾਹੀਦਾ ਹੈ।

ਨੋਟ : ਕਾਲਜ ਆਪਣੇ ਪੱਧਰ ਉੱਤੇ ਸਟੂਡੈਂਟਸ ਏਡ ਫੰਡ, ਰੈੱਡ ਕਰਾਸ ਫੰਡ, ਐਲਿਊਮਨਾਈ ਐਸੋਸੀਏਸ਼ਨ ਫੰਡ ਆਦਿ ਰਾਹੀਂ ਗਰੀਬ ਵਿਦਿਆਰਥੀਆਂ ਦੀ ਆਰਥਿਕ ਰੂਪ ਵਿਚ ਸਹਾਇਤਾ ਕਰਦਾ ਹੈ।

Government Scholarships & Funds available:

- Scheduled Castes/OBC & Backward Classes (Annual income less than Rs. 2,50,000)
- For minority community minimum income less than Rs. 2,00,000
- It is mandatory for SC students to make their Freeship Cards immediately after admission.
- Candidate has to produce annual income certificate of her father attested by TEHSILDAR at the time of the admission.
- University Merit Scholarship
- Merit Scholarship (NSP) National Scholarship Portal
- CM Scholarship (Punjab State)
- PM YASAVI Post Matric Scholarship for OBC, EBC and DNT Students (National Scholarship portal)
- Mobile Number and Bank A/C to be linked with Aadhar Card

Note : All govt. scholarships will be given as per rules. The rules and conditions governing them will be notified at the time of filling up the forms. In addition, the college offers financial help to the poor and needy students out of Students Aid Fund, Red Cross Fund and Alumni Association Fund.

ਫੀਸਾਂ ਦੀ ਅਦਾਇਗੀ :

ਪੰਜਾਬ ਸਰਕਾਰ/ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀਆਂ ਹਦਾਇਤਾਂ ਮੁਤਾਬਿਕ ਫੀਸਾਂ ਦੇ ਵੇਰਵੇ ਵਿਚ ਤਬਦੀਲੀ ਹੋ ਸਕਦੀ ਹੈ। ਅਜਿਹੀ ਤਬਦੀਲੀ ਦੀ ਸੂਰਤ ਵਿਚ ਬਣਦੀ ਰਕਮ ਵਸੂਲ ਕੀਤੀ ਜਾਵੇਗੀ ਜਾਂ ਵਾਪਸ ਕੀਤੀ ਜਾਵੇਗੀ। ਦਾਖਲੇ ਦੇ ਸਮੇਂ ਦਿੱਤੀਆਂ ਗਈਆਂ ਫੀਸਾਂ ਕਾਲਜ ਛੱਡਣ ਦੀ ਸੂਰਤ ਵਿਚ ਰਿਫੰਡ ਨਹੀਂ ਹੋਣਗੀਆਂ।

Schedule of Payment of Fees :

The fee can be altered on the directions of the Punjab Govt./University. In event of such an alteration, the remaining or additional fee can be charged or refunded as the case may be. Fee once deposited will not be refunded, even if a student leaves the college in the middle of the academic session.















